ਦਫਤਰ ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਚੰਡੀਗੜ੍ਹ ।
(ਰਿਣ ਸਾਖਾ-1)

ਵੱਲ

ਬਰਾਂਚ ਮੈਨੇਜਰ,
ਪੰਜਾਬ ਰਾਜ ਸਹਿਕਾਰੀ ਬੈਂਕ ਲਿਮ:
ਸੈਕਟਰ 17 ਚੰਡੀਗੜ੍ਹ ।

ਮੀਮੋ ਨੰ:ਰਸਸ/ਰਿਣ-1/ਸੀ.ਏ 2/40% 15796 ਮਿਤੀ/ 6/12/18

ਵਿਸ਼ਾ: ਪ੍ਰਾਇਮਰੀ ਖੇਤੀਬਾੜੀ/ਬਹੁਮੰਤਵੀ ਸਹਿਕਾਰੀ ਸਭਾਵਾਂ ਵੱਲੋ 40% ਸਬਸਿਡੀ ਤਹਿਤ ਐਗਰੋ ਸਰਵਿਸ ਸੈਂਟਰ ਅਪਗ੍ਰੇਡ ਕਰਨ ਸਬੰਧੀ ਸਬਸਿਡੀ ਦੇ ਕੇਸ ਭੇਜਣ ਬਾਰੇ

ਉਪਰੋਕਤ ਵਿਸ਼ੇ ਸਬੰਧੀ ਉਪ ਰਜਿਸਟਰਾਰ,ਸਹਿਕਾਰੀ ਸਭਾਵਾਂ,ਮੋਗਾ ਵੱਲੋ ਆਪਣੇ ਪੱਤਰ ਨੰਬਰ/361 ਮਿਤੀ 29-11-18 ਰਾਹੀ ਆਪਣੇ ਸਰਕਲ ਦੀਆਂ 6 ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾ ਵੱਲੋ **In-Situ Management of Crop Residue** ਸਕੀਮ ਤਹਿਤ ਖਰੀਦੇ ਗਏ 6 ਸੰਦਾਂ ਤੇ ਸਕੀਮ ਅਨੁਸਾਰ ਬਣਦੀ 40% ਸਬਸਿਡੀ ਜਾਰੀ ਕਰਨ ਲਈ ਇਸ ਦਫਤਰ ਨੂੰ ਲਿਖਿਆ ਗਿਆ ਹੈ।ਇਸ ਤਜਵੀਜ ਤੇ ਵਿਚਾਰ ਕਰਨ ਉਪਰੰਤ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਨਾਲ ਨੱਥੀ ਪ੍ਰੋਫਾਰਮੇ ਵਿੱਚ ਦਰਜ 6 ਸਭਾਵਾਂ ਦੀ 40% ਦੇ ਹਿਸਾਬ ਨਾਲ ਬਣਦੀ ਸਬਸਿਡੀ ਦੀ ਰਕਮ ਸਭਾ ਦੇ ਸਾਹਮਣੇ ਪ੍ਰੋਫਾਰਮੇ ਵਿਚ ਦਰਜ ਮੈਨੂਫੈਕਚਰਾਂ/ਡੀਲਰਾਂ/ਸਭਾ ਦੇ ਖਾਤੇ ਵਿੱਚ ਟਰਾਂਸਫਰ ਕੀਤੀ ਜਾਵੇ । ਇਸ ਸਭਾ ਦੀ 6 ਸੰਦਾਂ ਦੀ ਸਬਸਿਡੀ ਦੀ ਕੁੱਲ ਰਕਮ ਮੁਬ: **12,00,000** (ਬਾਰਾ ਲੱਖ) ਰੁਪੈ ਬਣਦੀ ਹੈ।ਇਹ ਰਕਮ ਇਸ ਦਫਤਰ ਵੱਲੋ ਖੋਲੇ ਗਏ ਸੇਵਿੰਗ ਖਾਤਾ ਨੰ:000234003100001 ਵਿੱਚੋ ਟਰਾਂਸਫਰ ਕੀਤੀ ਜਾਵੇ।ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਆਰ.ਸੀ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ । ਇਸ ਸਬੰਧੀ ਆਪ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ ।

ਇਹ ਪੱਤਰ ਰ.ਸ.ਸ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾ ਰਿਹਾ ਹੈ ।

ਨੱਥੀ/ਉਕਤ ਅਨੁਸਾਰ

ਸੰਯੁਕਤ ਰਜਿਸਟਰਾਰ-1
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,
ਪੰਜਾਬ,ਚੰਡੀਗੜ੍ਹ।

ਪਿੱਠ ਅੰਕਣ ਨੰ:ਰਸਸ/ਰਿਣ-1/ 15797-98 ਮਿਤੀ/ 6/12/18

ਉਪਰੋਕਤ ਦਾ ਉਤਾਰਾ:-

1. ਉਪ ਰਜਿਸਟਰਾਰ,ਸਹਿਕਾਰੀ ਸਭਾਵਾਂ, ਮੋਗਾ ਨੂੰ ਉਨਾਂ ਦੇ ਪੱਤਰ ਨੰਬਰ ਡੀ.ਆਰ./361 ਮਿਤੀ 29-11-18 ਦੇ ਹਵਾਲੇ ਵਿਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਰਾਸੀ ਰਲੀਜ ਹੋਣ ਸਬੰਧੀ ਸਬੰਧਤ ਡੀਲਰਾਂ/ਮੈਨੂਫੈਕਚਰਾਂ/ਸਭਾਵਾਂ ਆਦਿ ਨੂੰ ਤੁਰੰਤ ਸੂਚਿਤ ਕੀਤਾ ਜਾਵੇ ਅਤੇ ਉਪ ਰਜਿਸਟਰਾਰ ਅਤੇ ਸਹਾਇਕ ਰਜਿਸਟਰਾਰ ਪਾਸੋ ਲੋੜੀਦੀ ਪਾਲਣਾ ਯਕੀਨੀ ਬਣਾਈ ਜਾਵੇ।
2. ਸੰਯੁਕਤ ਰਜਿਸਟਰਾਰ ਸ/ਸ ਫਿਰੋਜਪੁਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹਨਾਂ ਵੱਲੋ ਭੇਜੀ ਗਈ ਤਜਵੀਜ ਬਾਰੇ ਉਹ ਇਹ ਯਕੀਨੀ ਬਣਾਉਣ ਕਿ ਇਸ ਦਫਤਰ ਵੱਲੋ ਜਾਰੀ ਹਦਾਇਤਾਂ /Policy ਅਧੀਨ ਸਭਾਵਾਂ ਵੱਲੋ ਕਲੇਮ ਕੀਤੀ ਜਾ ਰਹੀ Subsidy ਦੀ ਰਕਮ ਨਿਰਧਾਰਤ ਤੋ ਕਿਸੇ ਵੀ ਹਾਲਤ ਵਿੱਚ ਨਾ ਵਧੇ। ਅਜਿਹਾ ਹੋਣ ਦੀ ਸੂਰਤ ਵਿੱਚ ਡੀ.ਆਰ/ਏ.ਆਰ ਨਿੱਜੀ ਤੋਰ ਤੇ ਜਿੰਮੇਵਾਰ ਹੋਣਗੇ।

ਸੰਯੁਕਤ ਰਜਿਸਟਰਾਰ-1
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,
ਪੰਜਾਬ ਚੰਡੀਗੜ੍ਹ

# ਦਫਤਰ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ ਮੋਗਾ

ਸੇਵਾ ਵਿਖੇ,

ਮਾਨਯੋਗ ਰਜਿਸਟਰਾਰ,
ਸਹਿਕਾਰੀ ਸਭਾਵਾਂ,ਪੰਜਾਬ, ਚੰਡੀਗੜ੍ਹ।

ਨੰ/ਐਸ.ਏ/ਓਰਮੋਗਾ......361.................... ਮਿਤੀ......29-11-18..........

ਵਿਸ਼ਾ:- ਪ੍ਰਾਇਮਰੀ ਖੇਤੀਬਾੜੀ / ਬਹੁਮੰਤਵੀ ਸਹਿਕਾਰੀ ਸਭਾਵਾਂ ਵਲੋ 40% ਸਬਸਿਡੀ ਸਕੀਮ ਤਹਿਤ ਖਰੀਦ ਕੀਤੇ ਸੰਦਾਂ ਦੇ ਕਲੇਮ ਕੇਸ ਭੇਜਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਬਾਘਾਪੁਰਾਣਾ ਦੀਆ 6 ਸਭਾਵਾਂ ਦੇ 6 ਸੰਦਾਂ ਦੀ ਸਬਸਿਡੀ ਮੁਬ: 1200000/-ਰੁ ਦੇ ਸੰਦਾਂ ਦੇ ਸਬਸਿਡੀ ਕਲੇਮ ਇਸ ਪੱਤਰ ਨਾਲ ਨੱਥੀ ਕਰਕੇ ਆਪ ਜੀ ਨੂੰ ਅਗਲੇਰੀ ਲੋੜੀਦੀ ਕਾਰਵਾਈ ਹਿਤ ਭੇਜੇ ਜਾਂਦੇ ਹਨ। ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਬਾਘਾਪੁਰਾਣਾ ਵਲੋ ਭੇਜੇ ਗਏ ਇਹਨਾਂ ਸਬਸਿਡੀ ਕਲੇਮਾ ਦਾ ਸੰਦ ਵਾਈਜ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| Name of District | Number of Societies | ਟਰੈਕਟਰ | ਲੇਜਰ ਲੈਂਡ ਲੈਵਲਰ | ਤਵੀਆਂ | ਕਲਟੀਵੇਟਰ | ਜਿੰਦਰਾਂ | Number of Total Implements | Amount of Total Subsidy |
|---|---|---|---|---|---|---|---|---|
| MOGA | 6 | 6 | 0 | 0 | 0 | 0 | 6 | 1200000 |

ਇਸ ਪੱਤਰ ਨਾਲ ਨੱਥੀ ਦਸਤਾਵੇਜ਼ਾ ਦਾ ਇੰਡੈਕਸ ਹੇਠ ਲਿਖੇ ਅਨੁਸਾਰ ਹੈ:-

## INDEX

| ਲੜੀ ਨੰ: | ਵੇਰਵਾ | ਪੰਨਾ ਨੰਬਰ |
|---|---|---|
| 1 | ਏ.ਆਰ. ਸਰਕਲ ਬਾਘਾਪੁਰਾਣਾ ਦੀਆ 6 ਸਭਾਵਾਂ (ਪੰਜਗਰਾਈ ਖੁਰਦ, ਭੇਖਾ, ਬੰਬੀਹਾ ਭਾਈ, ਜੈਮਲਵਾਲਾ, ਨੱਥੋਕੇ ਅਤੇ ਸੇਖਾਕਲਾਂ) ਦਾ ਸਬਸਿਡੀ ਕਲੇਮ ਦਾ ਅਬਸਟਰੈਕਟ | 1 ਤੋ 2 ਤੱਕ |
| 2 | ਏ. ਆਰ. ਸਰਕਲ ਬਾਘਾਪੁਰਾਣਾ ਦੀਆ 6 ਸਭਾਵਾਂ ਦੇ ਨਰੀਖਕ ਵਲੋ ਦਿੱਤੇ ਸਰਟੀਫਿਕੇਟ ਅਤੇ ਸਭਾਵਾਰ ਪ੍ਰੋਫਾਰਮੇ ਜੋ ਕਿ ਏ. ਆਰ. ਬਾਘਾਪੁਰਾਣਾ ਵਲੋ ਪ੍ਰਤੀ ਹਸਤਾਖਰ ਕੀਤੇ ਹੋਏ ਹਨ। | 3 ਤੋ 70 ਤੱਕ |

ਨੱਥੀ:- ਉਕਤ ਅਨੁਸਾਰ

ਉਪ ਰਜਿਸਟਰਾਰ,
ਸਹਿਕਾਰੀ ਸਭਾਵਾਂ,ਮੋਗਾ।

(1)

ਪ੍ਰਾਇਮਰੀ ਖੇਤੀਬਾੜੀ / ਬਹੁਮੰਤਵੀ ਸਹਿਕਾਰੀ ਸਭਾਵਾਂ ਵੱਲੋਂ 40% ਸਬਸਿਡੀ ਤਹਿਤ ਖਰੀਦ ਕੀਤੇ ਸੰਦਾ ਦੇ ਕਲੇਮ ਸੰਬੰਧੀ ਪੇਫਾਲਾਨਾ ਦਫਤਰ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ, ਬਾਘਾਪੁਰਾਣਾ, ਜਿਲ੍ਹਾ ਮੋਗਾ:

| ਲੜੀ ਨੰ | ਸਭਾ ਦਾ ਨਾਮ | ਸੰਦਾ ਦਾ ਨਾਮ ( ਬਿੱਲ ਨੰ ਅਤੇ ਮਿਤੀ ) | | | | | ਖੇਤੀਬਾੜੀ / ਭਾਰਤ ਸਰਕਾਰ ਵੱਲੋਂ ਨਿਰਧਾਰਿਤ ਕੀਮਤ | ਸਭਾ ਵੱਲ ਖਰੀਦ ਕੀਤੇ ਸੰਦ ਦੀ ਕੀਮਤ ( ਪ੍ਰਤੀ ਸੰਦ) | ਕੁੱਲ ਕੀਮਤ | 40% ਦੇ ਹਿਸਾਬ ਨਾਲ ਬਣਦੀ ਸਬਸਿਡੀ ਦੀ ਰਕਮ | ਲਾਭਪਾਤਰੀ/ ਫਰਮ/ ਸਭਾ ਦਾ ਨਾਮ | ਖਾਤਾ ਨੰ | ਆਈ ਐਫ ਐਸ ਸੀ ਕੋਡ | ਬੈਂਕ ਅਤੇ ਸ਼ਾਖਾ ਦਾ ਨਾਮ |
|---|---|---|---|---|---|---|---|---|---|---|---|---|---|---|
| | | ਸੰਦ ਦਾ ਨਾਮ | ਬਿੱਲ ਨੰ | ਮਿਤੀ | ਮੈਨੂਫੈਕਚਰ/ਡੀਲਰ ਦਾ ਨਾਮ | ਸੰਦਾ ਦੀ ਗਿਣਤੀ | | | | | | | | |
| 1 | ਦੀ ਪੰਜਗਰਾਈ ਖੁਰਦ ਐਮ.ਪੀ.ਸੀ.ਏ.ਐਸ. ਲਿਮ: | ਟਰੈਕਟਰ | 538 | 17-09-2018 | SINGAL AGRO COPRORATION MOGA | 1 | 500000 | 758000 | 758000 | 200000 | ਦੀ ਪੰਜਗਰਾਈ ਖੁਰਦ ਐਮ.ਪੀ.ਸੀ.ਏ.ਐਸ.ਐਸ. ਲਿਮ: | 124034002000005 | UTIB0SMCB01 | The Moga Central Coop. Bank Ltd Moga Branch Smalsar |
| 2 | ਦੀ ਡੇਮਾ ਐਮ.ਪੀ.ਸੀ.ਏ.ਐਸ. ਲਿਮ: | ਟਰੈਕਟਰ | 232 | 11-10-2018 | M/s. GALIBS AGRO FARMS SOLUTIONS JAGROAN | 1 | 500000 | 940000 | 940000 | 200000 | ਦੀ ਡੇਮਾ ਐਮ.ਪੀ.ਸੀ.ਏ.ਐਸ.ਐਸ. ਲਿਮ: | 121718023100001 | UTIB0SMCB01 | The Moga Central Coop. Bank Ltd Moga Branch Droli Bhai |
| 3 | ਦੀ ਬੰਬੀਹਾ ਭਾਈ ਐਮ.ਪੀ.ਸੀ.ਏ.ਐਸ. ਲਿਮ: | ਟਰੈਕਟਰ | 788 | 12-11-2018 | SINGAL AGRO COPRORATION MOGA | 1 | 500000 | 950000 | 950000 | 200000 | ਦੀ ਬੰਬੀਹਾ ਭਾਈ ਐਮ.ਪੀ.ਸੀ.ਏ.ਐਸ.ਐਸ. ਲਿਮ: | 124734002000001 | UTIB0SMCB01 | The Moga Central Coop. Bank Ltd Moga Branch Thathi Bhai |
| 4 | ਦੀ ਨਿਹਾਲਵਾਲਾ ਐਮ.ਪੀ.ਸੀ.ਏ.ਐਸ. ਲਿਮ: | ਟਰੈਕਟਰ | 739 | 27-10-2018 | SINGAL AGRO COPRORATION MOGA | 1 | 500000 | 970000 | 970000 | 200000 | ਦੀ ਨਿਹਾਲਵਾਲਾ ਐਮ.ਪੀ.ਸੀ.ਏ.ਐਸ.ਐਸ. ਲਿਮ: | 121518145100007 | UTIB0SMCB01 | The Moga Central Coop. Bank Ltd Moga Branch Chand Nawan |
| 5 | ਦੀ ਨੱਥੋਕੇ ਐਮ.ਪੀ.ਸੀ.ਏ.ਐਸ. ਲਿਮ: | ਟਰੈਕਟਰ | 115 | 22-11-2018 | INTERNATIONAL TRACTORS AND IMPLEMENTS MOGA | 1 | 500000 | 760000 | 760000 | 200000 | ਦੀ ਨੱਥੋਕੇ ਐਮ.ਪੀ.ਸੀ.ਏ.ਐਸ.ਐਸ. ਲਿਮ: | 120934002000017 | UTIB0SMCB01 | The Moga Central Coop. Bank Ltd Moga Branch Baghapurna |
| 6 | ਦੀ ਸੇਖਾਕਲਾਂ ਐਮ.ਪੀ.ਸੀ.ਏ.ਐਸ. ਲਿਮ: | ਟਰੈਕਟਰ | 119 | 22-11-2018 | INTERNATIONAL TRACTORS AND IMPLEMENTS MOGA | 1 | 500000 | 945000 | 945000 | 200000 | ਦੀ ਸੇਖਾਕਲਾਂ ਐਮ.ਪੀ.ਸੀ.ਏ.ਐਸ.ਐਸ. ਲਿਮ: | 124834002000001 | UTIB0SMCB01 | The Moga Central Coop. Bank Ltd Moga Branch Sekha Kalan |
| | | | | | | 6 | 3000000 | 5323000 | 5323000 | 1200000 | | | | |

ਤਸਦੀਕ ਕੀਤਾ ਜਾਂਦਾ ਹੈ ਕਿ ਉਕਤ 6 ਸਭਾਵਾਂ ਦੇ ਇਸ ਅਬਸਟਰੈਕਟ ਵਿੱਚ ਦਰਜ ਵੇਰਵੇ ਬਿਲਕੁਲ ਸਹੀ ਹਨ। ਸਬਸਿਡੀ ਦੀ ਰਕਮ ਸਕੀਮ ਅਨੁਸਾਰ ਹੀ ਕੈਲਕੂਲੇਟ ਕੀਤੀ ਗਈ ਹੈ। ਇਸ ਅਬਸਟਰੈਕਟ ਵਿੱਚ ਦਿੱਤੇ ਖਾਤਾ ਨੰ: ਆਈ.ਐਫ.ਐਸ. ਕੋਡ ਅਤੇ ਬੈਂਕ ਦੇ ਵੇਰਵੇ ਅਨੁਸਾਰ ਉਤਪਾਦਕਾਂ/ਫਰਮਾਂ/ਸਭਾਵਾਂ ਨੂੰ ਸਬਸਿਡੀ ਦਿਵਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਰਵਿੰਦਰ ਸਿੰਘ
ਨਰੀਖਕ, ਸਹਿਕਾਰੀ ਸਭਾਵਾਂ।

ਮੂਲ ਰੂਪ ਵਿੱਚ ਉਪਰੋਕਤ ਕਲੇਮ ਕੇਸ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ, ਮੋਗਾ ਜੀ ਨੂੰ ਅਗੇਤਰੀ ਲੋੜੀਦੀ ਕਾਰਵਾਈ ਹਿੱਤ ਭੇਜੇ ਜਾਂਦੇ ਹਨ।

ਸਹਾਇਕ ਰਜਿਸਟਰਾਰ
ਸਹਿਕਾਰੀ ਸਭਾਵਾਂ, ਬਾਘਾਪੁਰਾਣਾ।